# ਕੀ ਤੁਹਾਡਾ ਪਸ਼ੂ ਬਰੂਸੈਲੋਸਿਸ ਦੇ ਲੱਛਣ ਵਿਖਾ ਰਿਹਾ ਹੈ?

## ਹੁਣੇ ਕਾਰਵਾਈ ਕਰੋ!

NATIONAL DAIRY DEVELOPMENT BOARD

## ਇਨ੍ਹਾਂ ਲੱਛਣਾਂ ਦਾ ਧਿਆਨ ਰੱਖੋ।



ਛੇ ਮਹੀਨੇ ਤੋਂ ਬਾਅਦ ਮਾਦਾ ਪਸ਼ੂ ਵਿੱਚ ਗਰਭ ਪਾਤ।



ਜੇਰ ਨਾ ਪੈਣਾ।



ਹਾਈਗ੍ਰੋਮਾ

## ਬਰੂਸੈਲੋਸਿਸ ਮਨੁੱਖਾਂ ਵਿੱਚ ਵੀ ਫੈਲ ਸਕਦੀ ਹੈ!

### ਫੈਲਣ ਦੇ ਰਾਸਤੇ:



ਬੱਚੇਦਾਨੀ ਤੋਂ ਨਿਕਲਣ ਵਾਲੀਆਂ ਰਸਾਵਾਂ ਨਾਲ ਸੰਪਰਕ ਵਿੱਚ।



ਕੱਚਾ ਦੁੱਧ ਪੀਣ ਨਾਲ।

### ਮਨੁੱਖਾਂ ਵਿੱਚ ਬਰੂਸੈਲੋਸਿਸ ਦੇ ਲੱਛਣ





ਲੱਛਣ ਜਿਵੇਂ ਕਿ:
ਉਤਾਰ-ਚੜ੍ਹਾਅ ਵਾਲਾ ਬੁਖਾਰ (ਅੰਡੂਲੈਂਟ ਬੁਖਾਰ), ਜੋੜਾਂ ਜਾਂ ਮਾਸਪੇਸ਼ੀਆਂ ਵਿੱਚ ਦਰਦ, ਅੰਡਕੋਸ਼ਾਂ ਦੀ ਸੁਜਨ (ਆਰਕਾਈਟਿਸ),ਥਕਾਵ, ਰਾਤਾਂ ਨੂੰ ਪਸੀਨਾ ਆਉਣਾ

## ਮਨੁੱਖਾਂ ਲਈ ਸਮੇਂ ਸਿਰ ਇਲਾਜ ਬਹੁਤ ਜ਼ਰੂਰੀ ਹੈ!

- ❖ ਖਾਸ ਐਂਟੀਬਾਇਓਟਿਕ ਦਵਾਈਆਂ ਨਾਲ ਬਰੂਸੈਲੋਸਿਸ ਦਾ ਇਲਾਜ ਸੰਭਵ ਹੈ, ਜੇ ਸ਼ੁਰੂਆਤੀ ਹਾਲਤ ਵਿੱਚ ਪਤਾ ਲੱਗ ਜਾਵੇ।
- ❖ ਜੇ ਤੁਸੀਂ ਸੰਕਰਮਿਤ ਪਸ਼ੂ ਨਾਲ ਸੰਪਰਕ ਵਿੱਚ ਆਏ ਹੋ ਜਾਂ ਲੱਛਣ ਨਜ਼ਰ ਆ ਰਹੇ ਹਨ, ਤਾਂ ਤੁਰੰਤ ਡਾਕਟਰ ਨੂੰ ਦਿਖਾਓ।

## ਬਚਾਅ ਹੀ ਇੱਕੋ ਇਕ ਹੱਲ ਹੈ!

### ਪਸ਼ੂਆਂ ਲਈ:

- ਮਾਦਾ ਵਛੀਆਂ ਨੂੰ 6–8 ਮਹੀਨੇ ਦੀ ਉਮਰ ਵਿੱਚ ਟੀਕਾ ਲਗਵਾਓ
- ਪਸ਼ੂਆਂ ਨੂੰ ਅਲੱਗ ਰਖੋ ਅਤੇ ਜਾਂਚ ਕਰੋ
- ਸੰਕਰਮਿਤ ਥਾਂਵਾਂ ਦੀ ਢੰਗ ਨਾਲ ਸਫਾਈ ਤੇ ਸੈਨੇਟਾਈਜ਼ੇਸ਼ਨ ਕਰੋ



### ਮਨੁੱਖਾਂ ਲਈ:

- ਸਿਰਫ ਉਬਲਿਆ ਜਾਂ ਪਾਸਚਰਾਈਜ਼ ਦੁੱਧ ਹੀ ਵਰਤੋ
- ਜਨਮ ਦੇ ਤੁਰੰਤ ਬਾਅਦ ਨਿਕਲਣ ਵਾਲੀਆਂ ਝਿਲੀਆਂ ਜਾਂ ਰਸਾਵਾਂ ਨੂੰ ਨੰਗੇ ਹੱਥਾਂ ਨਾਲ ਨਾ ਛੂਹੋ



## ਕੀ ਤੁਸੀਂ ਇਹ ਕੀਤਾ ਹੈ?

- ❖ ਆਪਣੀ 6–8 ਮਹੀਨੇ ਦੀ ਮਾਦਾ ਬਛੜੀ ਨੂੰ ਟੀਕਾ ਲਗਵਾਇਆ?
- ❖ ਆਪਣੇ ਪਸ਼ੂਆਂ ਦੀ ਬਰੂਸੈਲੋਸਿਸ ਲਈ ਜਾਂਚ ਕਰਵਾਈ?
- ❖ ਜੇ ਨਹੀਂ, ਤਾਂ ਅੱਜ ਹੀ ਆਪਣੇ ਨੇੜਲੇ ਵੈਟਰਨਰੀ ਡਾਕਟਰ ਨਾਲ ਸੰਪਰਕ ਕਰੋ!

